# 'ਹਾਸ਼ੀਏ' ਨਾਵਲ ਦਾ ਕਥਾ-ਸੰਦਰਭ ਅਤੇ ਸਰੋਕਾਰ

*- ਬਲਕਾਰ ਸਿੰਘ*
**ਰੀਡਰ, ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ, ਮੁਕਤਸਰ**

ਦਰਸ਼ਨ ਸਿੰਘ ਧੀਰ ਪੰਜਾਬੀ ਨਾਵਲਕਾਰੀ ਦੇ ਖ਼ੇਤਰ ਵਿਚ ਮਹੱਤਵਪੂਰਨ ਨਾਵਲਕਾਰ ਹੈ। ਉਸ ਦੇ ਨਾਵਲ ਭਾਰਤੀ ਧਰਤੀ ਨਾਲੋਂ, ਨਵੀਆਂ ਧਰਤੀਆਂ ਤੇ ਵਸੇ ਖ਼ਾਸ ਕਰਕੇ ਇੰਗਲੈਂਡ 'ਚ ਗਏ ਪੰਜਾਬੀ ਬੰਦੇ ਨੂੰ ਆਪਣਾ ਕਥਾ-ਸੰਦਰਭ ਬਣਾਉਂਦੇ ਹਨ। ਪਰਵਾਸ ਕਰਨ ਦੀਆਂ ਮਜਬੂਰੀਆਂ, ਲੋੜਾਂ, ਦੁਸ਼ਵਾਰੀਆਂ, ਪਰਵਾਸੀ ਧਰਤੀ ਤੇ ਹੁੰਦੇ ਵਿਤਕਰੇ, ਆਪਣੀਆਂ ਜੜ੍ਹਾਂ ਅਤੇ ਮਿੱਟੀ ਦੀ ਖਿੱਚ ਪਰ ਨਵੀਂ ਪੀੜ੍ਹੀ ਦਾ ਇਸ ਤੋਂ ਬੇਲਾਗ ਹੋ ਕੇ ਬੇਗ਼ਾਨੇ ਮੁਲਕ ਨੂੰ ਆਪਣਾ ਕਹਿਣ ਵਿਚੋਂ ਅੱਗੇ ਪੈਦਾ ਹੋ ਰਹੇ ਦਵੰਦ, ਸੰਤਾਪ, ਸੰਕਟ, ਪਛਾਣ, ਭੇੜ ; ਉਸ ਦੀ ਨਾਵਲਕਾਰੀ ਦੇ ਸਰੋਕਾਰ ਬਣਦੇ ਹਨ। ਭਾਵ ਉਸ ਦੀ ਨਾਵਲੀ ਯਾਤਰਾ ਕਿਸੇ ਇਕ ਪਹਿਲੂ, ਮੋੜ, ਏਜ਼ ਅਤੇ ਦ੍ਰਿਸ਼ਟੀ ਤੱਕ ਸੀਮਤ ਨਹੀਂ ਸਗੋਂ ਜਿਵੇਂ-ਜਿਵੇਂ ਪੰਜਾਬੀ ਲੋਕਾਂ ਦਾ ਜੀਵਨ ਬੇਗ਼ਾਨੀ ਧਰਤੀ ਤੇ ਕਰਵਟਾਂ ਲੈ ਰਿਹਾ ਹੈ, ਉਵੇਂ-ਉਵੇਂ ਉਸ ਦਾ ਬਿਰਤਾਂਤ ਅਤੇ ਵਿਚਾਰਧਾਰਾ ਵੀ ਗਤੀਸ਼ੀਲ ਹੁੰਦੀ ਰਹਿੰਦੀ ਹੈ। ਇਸ ਗਤੀਸ਼ੀਲਤਾ ਕਰਕੇ ਮੇਰੀ ਨਜ਼ਰ ਵਿਚ ਉਸ ਦੇ ਨਾਵਲਾਂ ਨੂੰ ਦੋ ਮੁੱਖ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਦੌਰ ਪੰਜਾਬੀ ਬੰਦੇ ਦੀਆਂ ਪਰਵਾਸ ਧਾਰਨ ਕਰਨ ਦੀਆਂ ਲੋੜਾਂ, ਖੁਸ਼ੀਆਂ, ਮਜਬੂਰੀਆਂ ਅਤੇ ਪਰਵਾਸ ਵਿਚੋਂ ਉਪਜੇ ਸੰਕਟਾਂ ਸਰੋਕਾਰਾਂ ਦਾ ਹੈ ਅਤੇ ਦੂਜਾ ਪੰਜਾਬੀ ਬੰਦੇ ਦੀ 'ਉੱਤਰ ਪਰਵਾਸ' ਭਾਵ ਡਾਇਸਪੋਰਿਕ ਸਥਿਤੀਆਂ ਅਤੇ ਸਪੇਸ ਦਾ ਹੈ। 'ਘਰ ਤੇ ਕਮਰੇ', 'ਪੈੜਾਂ ਦੇ ਆਰ-ਪਾਰ', 'ਅਜਨਬੀ ਚਿਹਰੇ', 'ਰਣਭੂਮੀ' ਅਤੇ 'ਹਾਸ਼ੀਏ' ਇਸ ਦੂਜੀ ਸਥਿਤੀ ਨੂੰ ਹੀ ਕਥਾ-ਸੰਦਰਭ ਬਣਾ ਰਹੇ ਹਨ। ਧੀਰ ਰਾਹੀਂ ਪੰਜਾਬੀ ਨਾਵਲ ਵਿਚ ਅਜਿਹੇ ਵੱਖਰੇ ਅਨੁਭਵਾਂ, ਸੰਦਰਭਾਂ ਦੀ ਪੇਸ਼ਕਾਰੀ ਹੋਣ ਕਰਕੇ, ਪੰਜਾਬੀ ਨਾਵਲ ਦਾ ਮੁਹਾਂਦਰਾ ਅਤੇ ਚਰਿੱਤਰ ਰਾਸ਼ਟਰੀ ਨਾਲੋਂ ਪਾਰਰਾਸ਼ਟਰੀ, ਪਾਰ-ਸਭਿਆਚਾਰ ਅਤੇ ਗਲੋਬਲੀ ਸਥਿਤੀਆਂ ਨੂੰ ਸਮੱਗਰ ਰੂਪ ਵਿਚ ਸਿਰਜਣ ਵਾਲਾ ਬਣ ਜਾਂਦਾ ਹੈ। ਅਜਿਹੇ ਗਲਪੀ-ਬਿੰਬ ਸਿਰਜਣ ਕਰਕੇ ਉਹ ਪਰਵਾਸੀ ਪੰਜਾਬੀ ਲੇਖਣੀ ਵਿਚ ਇਕ ਨਵਾਂ ਮੋੜ/ਟਰੈਂਡ ਸਥਾਪਤ ਕਰਦਾ ਹੈ।

'ਹਾਸ਼ੀਏ' ਨਾਵਲ ਪੰਜਾਬੀ ਡਾਇਸਪੋਰੇ ਦੀ ਇੰਗਲੈਂਡ 'ਚ ਰਹਿੰਦੀ ਦੂਜੀ ਅਤੇ ਤੀਜੀ ਪੀੜ੍ਹੀ ਦੇ ਲੋਕਾਂ ਨਾਲ ਸਬੰਧਤ ਹੈ। ਦੂਜੀ ਪੀੜ੍ਹੀ ਦੇ ਇੰਗਲੈਂਡ 'ਚ ਜਨਮੇ ਅਤੇ ਵੱਡੇ ਹੋਏ 'ਹਿਰਦੇਪਾਲ' (ਪੌਲ) ਅਤੇ 'ਹਰਮੀਤ' ਮੁੱਖ ਪਾਤਰ ਹਨ, ਜੋ ਪੰਜਾਬੀ ਹੋਣ ਦੇ ਬਾਵਜੂਦ, ਪੰਜਾਬੀ ਸੁਸਾਇਟੀ ਦੀਆਂ ਨਿੱਜੀ ਆਜ਼ਾਦੀ ਨੂੰ ਕੁਚਲਣ ਵਾਲੀਆਂ ਰਵਾਇਤਾਂ ਅਤੇ ਪਰੰਪਰਾ ਦਾ ਤਿਆਗ ਕਰਕੇ ਪੱਛਮੀ ਸੁਸਾਇਟੀ ਦੀ ਨਿੱਜੀ ਆਜ਼ਾਦੀ ਵਾਲੀਆਂ ਧਾਰਨਾਵਾਂ ਦੇ ਕਾਇਲ ਹਨ। ਇਸ ਕਾਇਲਤਾ ਕਰਕੇ ਦੋਵੇਂ ਆਪਣੇ ਪਰਿਵਾਰਾਂ ਨਾਲੋਂ ਟੁੱਟੇ ਅਤੇ ਆਪਣੇ-ਆਪ ਨੂੰ ਬ੍ਰਿਟਿਸ਼ ਸਿਟੀਜਨ ਸਮਝਦੇ ਹਨ, ਆਪਣੀ ਪਰੰਪਰਾ ਦੇ ਤਿਆਗ ਦੇ ਬਾਵਜੂਦ ਆਪਣੀ ਪਛਾਣ ਵੇਲੇ, ਆਪਣੇ ਭਾਈਚਾਰੇ ਨਾਲ ਜੁੜੇ ਹੋਏ ਵੀ ਹਨ ਜਾਂ ਇਸ ਪਾਸੇ ਵੱਲ ਧੱਕੇ ਜਾਂਦੇ ਹਨ। 'ਹਰਮੀਤ' ਦਾ 'ਐਂਡਰੀਉ' ਨਾਲ ਕੀਤਾ ਪਿਆਰ-ਵਿਆਹ, ਇਸ ਕਰਕੇ ਹੀ ਬਿਖਰਦਾ ਹੈ ਕਿ 'ਐਂਡਰੀਉ' ਦੇ ਮਨ ਵਿਚ 'ਪੌਲ' ਨਾਲ ਨਿੱਜੀ ਨਫ਼ਰਤ ਨਾਲੋਂ ਵੱਧ 'ਇੰਡੀਅਨ ਕਮਿਊਨਿਟੀ' ਨਾਲ ਨਫ਼ਰਤ ਹੈ। ਇਸ ਗੱਲ ਦਾ 'ਐਂਡਰੀਉ' ਨੂੰ ਵੀ ਚੇਤੰਨ ਪੱਧਰ ਤੇ ਅਹਿਸਾਸ ਨਹੀਂ ਪਰ ਬਾਅਦ 'ਚ ਆਪਣੀ ਧੀ ਕੋਲ ਇਸ ਗੱਲ ਨੂੰ ਮੰਨਦਾ ਹੈ।

ਇਹ ਗੱਲ ਹੀ 'ਹਰਮੀਤ' ਨੂੰ ਪਸੰਦ ਨਹੀਂ। ਦੂਜੇ ਪਾਸੇ 'ਪੌਲ' ਨਾਲ ਉਸ ਦੇ ਕੈਰੀਅਰ ਨੂੰ ਖ਼ਰਾਬ ਕਰਨ ਵਾਲੇ ਅੰਗਰੇਜ਼ ਬੌਸ 'ਐਡਵਰਡ ਰੀਵਰਜ਼' ਅਤੇ 'ਡੇਵਿਡ ਫੋਸਟਰ' ਵੱਲੋਂ ਕੀਤੇ ਵਿਅਕਤੀਗਤ ਵਿਤਕਰੇ ਨੂੰ ਨਾਵਲ 'ਨਸਲੀ ਵਿਤਕਰੇ' ਵਿਚ ਸਿਰਜਦਾ ਹੈ। ਨਸਲੀ ਦੇ ਨਾਲ-ਨਾਲ ਸਥਾਪਤੀ ਦਾ ਚਰਿੱਤਰ ਵੀ ਉਭਰਦਾ ਹੈ। ਇਸ ਵਿਅਕਤੀਗਤ ਵਿਤਕਰੇ, ਨਸਲੀ ਵਿਤਕਰੇ ਅਤੇ ਸਥਾਪਤੀ ਦੇ ਚਰਿੱਤਰ ਨੂੰ ਭਰਵੀਂ ਸਪੇਸ ਦੇ ਕੇ ਨਾਵਲ ਫੋਕਸ ਇਹ ਕਰਦਾ ਹੈ ਕਿ ਦੂਜੀ ਪੀੜ੍ਹੀ ਜੋ ਉਥੋਂ ਦੀ ਚੇਤੰਨ ਪੱਧਰ 'ਤੇ ਸਿਟੀਜਨ ਤਾਂ ਹੈ ਪਰ ਸਥਾਪਤੀ ਦੇ ਅਵਚੇਤਨ ਨੇ ਇਹਨਾਂ ਨੂੰ ਸਵੀਕਾਰ ਨਹੀਂ ਕੀਤਾ। ਦੂਜੇ ਪਾਸੇ ਇਹ ਲੋਕ ਪੰਜਾਬੀ ਸੁਸਾਇਟੀ ਨਾਲੋਂ ਟੁੱਟ ਕੇ ਭਾਵੇਂ ਉਥੋਂ ਦੇ ਬਣ ਗਏ ਹੋਣ ਪਰ ਅਜੇ ਇਹਨਾਂ ਦਾ ਅਵਚੇਤਨ ਵੀ ਨਹੀਂ ਬਦਲਿਆ। ਇਹਨਾਂ ਲੋਕਾਂ ਦੇ ਦਿਖਦੇ ਅਤੇ ਹੋਣ ਵਿਚ ਇਕ ਪਾੜ ਹੈ। ਇਸ ਪਾੜ ਦੀ ਝਲਕ ਹਰਮੀਤ ਦੇ ਬੋਲਾਂ ਵਿਚੋਂ ਸਾਫ਼ ਨਜ਼ਰ ਆਉਂਦੀ ਹੈ :

ਹਰਮੀਤ : ''ਹਨੀ ਤੈਨੂੰ ਯੂਨੀਵਰਸਿਟੀ 'ਚੋਂ ਫਸਟ ਆਉਣਾ ਪੈਣਾ।''

ਪੌਲ : ''ਜੇ ਫਸਟ ਨਾ ਆਇਆ ਤਾਂ ਕੀ ਫ਼ਰਕ ਪੈਣ ਲੱਗਾ?''

ਹਰਮੀਤ : ''ਬੜਾ ਫ਼ਰਕ ਪੈਣਾ ਸਵੀਟਹਾਰਟ... ਉਹਦੇ ਨਾਲ ਤੇਰਾ ਕੈਰੀਅਰ ਤਾਂ ਵਧੀਆ ਬਣੇਗਾ, ਇੰਡੀਅਨ ਕਮਿਊਨਿਟੀ ਦਾ ਨਾਂ ਵੀ ਰੋਸ਼ਨ ਹੋਵੇਗਾ?''...

''ਅਜੇ ਤਾਂ ਸਿਰਫ਼ ਵੇਟ-ਲਿਫ਼ਟਿੰਗ 'ਚੋਂ ਉਹਦਾ ਘੁਮੰਡ ਟੁੱਟਾ ਏ, ਮਾਈ ਡਿਅਰ। ਚਿੱਟੀ ਨਸਲ ਕੋਲ ਉੱਤਮ ਤੇ ਕਾਲੀ ਜਾਂ ਬਰਾਊਨ ਨਸਲ ਕੋਲ ਘਟੀਆ ਦਿਮਾਗ਼ ਹੋਣ ਦਾ ਉਹਦਾ ਹੰਕਾਰ ਅਜੇ ਤੋੜਨ ਵਾਲਾ ਬਾਕੀ ਰਹਿੰਦਾ ਏ।'' (ਪੰਨਾ-58)

ਇਹ ਨਸਲੀ ਵਿਤਕਰਾ ਕੇਵਲ ਵਿਤਕਰੇਬਾਜ਼ੀ ਤੱਕ ਹੀ ਸੀਮਤ ਨਹੀਂ ਸਗੋਂ ਇਕ ਵਿਚਾਰਧਾਰਕ ਰੂਪ ਗ੍ਰਹਿਣ ਕਰਦਾ ਹੈ। ਇਕ ਸਥਾਪਤੀ ਦਾ ਟੂਲ ਬਣ ਕੇ ਉਭਰਦਾ ਹੈ। ਸਰਕਾਰੀ ਪੱਧਰ ਤੇ ਇਸ ਵਿਤਕਰੇ ਨੂੰ ਰੱਦ ਕਰਕੇ ਆਖਿਆ ਜਾਂਦਾ ਹੈ ਕਿ ਹੁਣ ਕੋਈ ਰੰਗ, ਨਸਲ, ਸੈਕਸ ਦਾ ਵਿਤਕਰਾ ਨਹੀਂ। ਲੇਬਰ ਸਰਕਾਰ ਦੀਆਂ ਉਦਾਰ ਨੀਤੀਆਂ ਹਨ। ਬਰਾਬਰੀ ਹੈ। ਪਰ ਇਸ ਸਿਧਾਂਤ ਦੇ ਬਾਵਜੂਦ ਪ੍ਰੈਕਟਿਸ 'ਚ ਇਹ ਇਕ ਵਿਚਾਰਧਾਰਾ ਹੀ ਨਹੀਂ ਬਣਦਾ ਸਗੋਂ ਇਕ ਅਵਚੇਤਨ ਵੀ ਸਿਰਜਦਾ ਹੈ। ਪ੍ਰੋ. ਦਿਲਬੀਰ ਸਿੰਘ ਰਾਏ, ਪ੍ਰੋ. ਬਲਬੀਰ ਸਿੰਘ ਅਤੇ ਪ੍ਰੋ. ਮੁਹੰਮਦ ਰਜ਼ਾ ਉਹ ਵਿਅਕਤੀ ਹਨ ਜੋ ਇਹ ਪ੍ਰਮਾਣਿਕ ਕਰਦੇ ਹਨ ਕਿ ਇਸ ਮੁਲਕ ਦੀ ਉਦਾਰਤਾ ਦੇ ਬਾਵਜੂਦ ਇਸ ਵਿਚ ਇਕ ਨਸਲੀ ਵਿਤਕਰਾ ਨਿਰੰਤਰ ਮੌਜੂਦ ਹੈ। ਇਸ ਮੌਜੂਦਗੀ ਕਰਕੇ ਉਹ ਪੌਲ ਨੂੰ ਬੈਰਿਸਟਰ ਨਾਲੋਂ ਪ੍ਰੋਸੀਕਿਊਟਰ ਦੇ ਕੋਰਸ ਲਈ ਪ੍ਰੇਰਿਤ ਵੀ ਕਰਦਾ (ਦਿਲਬੀਰ ਰਾਏ) ਹੈ। ਪਰ ਪੌਲ ਇਹ ਮੰਨਣ ਲਈ (ਕਿ ਕੋਈ ਵਿਤਕਰਾ ਹੈ) ਤਿਆਰ ਨਹੀਂ।

ਨਾਵਲ ਦਾ ਬਿਰਤਾਂਤ ਇਹ 'ਨਾ ਮੰਨਣ ਤੋਂ ਮੰਨਣ ਦੀ ਪ੍ਰੈਕਟਿਸ' ਦੇ ਸੱਚ ਨੂੰ ਵਾਪਰਦਾ ਦਿਖਾਉਣ ਲਈ ; ਇਕ ਬਿਰਤਾਂਤਕ-ਪ੍ਰਾਜੈਕਟ ਅਤੇ ਥੀਸਿਜ਼ ਵੀ ਕਿਹਾ ਜਾ ਸਕਦਾ ਹੈ। ਅਜਿਹਾ ਵਿਖਾਉਣ ਅਤੇ ਸਿਰਜਣ ਦੀ ਲੋੜ ਵਿਚੋਂ ਹੀ ਅੱਗੇ ਇਸ ਵਿਚ ਨਸਲੀ ਵਿਤਕਰੇਬਾਜ਼ੀ ਨੂੰ ਸਥਾਪਤੀ ਵਜੋਂ ਵੀ ਪਰਿਭਾਸ਼ਿਤ ਕੀਤਾ ਜਾਣ ਲਗਦਾ ਹੈ। ਇਸ ਸਥਾਪਤੀ ਦੇ ਬਹੁਤ ਸਾਰੇ ਰੂਪਾਂ ਬਾਰੇ, ਇਸ ਦਾ ਕੋਈ ਧਰਮ, ਕੌਮ, ਲੋਕਾਂ ਨਾਲੋਂ 'ਚਰਿੱਤਰ' ਦੱਸੀ ਜਾਂਦੀ ਹੈ। ਜਿਸ ਦਾ ਮਕਸਦ 'ਯੈੱਸਮੈਨ', 'ਸਪਾਈਨਲੈੱਸ' ਅਤੇ 'ਬੁੱਤ ਪੂਜਕ' ਬਨਾਉਣਾ ਹੈ। ਜੋ ਅਜਿਹਾ ਨਹੀਂ ਕਰਦਾ, ਉਸਨੂੰ ਇਹ ਸਥਾਪਤੀ ਤਬਾਹ ਕਰ ਦਿੰਦੀ ਹੈ। ਨਾਵਲ ਸਥਾਪਤੀ ਦੇ ਇਸ ਰੂਪ ਨੂੰ 'ਪਾਵਰ-ਸਿਸਟਮ' ਵਜੋਂ ਵੀ ਉਲੀਕਦਾ ਹੈ। ਇਹ ਪਾਵਰ ਯੋਗਤਾ ਨਾਲ ਨਹੀਂ ਬਲਕਿ ਵੱਡਿਆਂ ਦੀ 'ਜੀ ਹਜ਼ੂਰੀ' ਅਤੇ ਨਾਲਦਿਆਂ ਅਤੇ ਹੇਠਲਿਆਂ ਨੂੰ 'ਯੈੱਸਮੈਨ' ਬਨਾਉਣ 'ਚ ਹੀ ਹੈ।

'ਪੌਲ' ਦਾ ਆਪਣੇ ਅੰਗਰੇਜ਼ ਬੌਸ ਨਾਲ ਸੰਕਟ 'ਜੀ ਹਜ਼ੂਰੀਆ' ਨਾ ਹੋਣ ਅਤੇ ਆਪਣੀ ਯੋਗਤਾ ਦੇ ਕਾਰਨ ਵੀ ਹੈ। ਦੂਜਾ ਬੌਸ ਦੀ ਪਾਵਰ ਤਾਂ ਹੀ ਐ ਜੇ 'ਪੌਲ' ਪਾਪੂਲਰ ਨਾ ਹੋਵੇ, ਦਬਿਆ ਰਹੇ। ਬੌਸ, 'ਪੌਲ' ਦੇ ਪਰ ਕੱਟਣ ਲਈ ਅਜਿਹੇ ਮਨਸੂਬੇ ਵਰਤਦਾ ਹੈ ਜੋ 'ਪੌਲ' ਦੇ ਉਲਟ ਜਾਂਦੇ ਹਨ ਤੇ ਬੌਸ ਦੇ ਹੱਕ 'ਚ। ਇਸ ਦਾ ਹੀ ਨਤੀਜਾ ਹੈ ਕਿ ਤਰੱਕੀ ਵੇਲੇ ਉਸ ਨੂੰ ਤਰੱਕੀ ਨਹੀਂ ਮਿਲਦੀ ਬਲਕਿ ਬੜੇ ਜੂਨੀਅਰ ਅਤੇ ਅਯੋਗ ਬੰਦੇ ਨੂੰ ਜੋ ਪਹਿਲਾਂ ਹੀ 'ਪੌਲ' ਦਾ ਨਿੱਜੀ-ਵਿਰੋਧੀ ਹੈ ਤੇ ਅਯੋਗ ਹੈ, ਬੌਸ ਦੀ ਚਾਪਲੂਸੀ ਕਰਕੇ, ਦੂਜਾ ਬੌਸ ਦੀ ਯੈੱਸਮੈਨ ਪੈਦਾ ਕਰਨ ਦੀ ਲੋੜ ਵਿਚੋਂ ਸੀਨੀਅਰ ਪਰੋਸੀਕਿਊਟਰ ਬਣ ਜਾਂਦਾ ਹੈ। ਜਿਸ ਨੂੰ 'ਪੌਲ' ਚੈਲੰਜ ਕਰਦਾ ਹੈ, ਕੋਰਟ ਕੇਸ ਹੈ ਅਤੇ ਕੇਸ 'ਚ ਹਾਰ ਹੈ। ਇਹ ਹਾਰ ਵੀ ਬੌਸ ਦੀਆਂ ਉਹਨਾਂ ਨੀਤੀਆਂ ਕਰਕੇ ਹੈ ਜੋ ਵਿਅਕਤੀਆਂ ਨੂੰ ਪੈਸੇ ਰਾਹੀਂ, ਅਹੁਦਿਆਂ ਦੀ ਪੇਸ਼ਕਾਰੀ ਰਾਹੀਂ, ਖ਼ਰੀਦ ਲੈਣ ਵਾਲੀ ਨਿਜਮੁਖੀ ਵਿਅਕਤੀਗਤ ਹੈ। ਬੌਸ ਇਸ ਖਰੀਦਦਾਰੀ 'ਚ ਸਫ਼ਲ ਹੋ ਕੇ ਆਪਣੀ 'ਪਾਵਰ' ਫੇਰ ਬਰਕਰਾਰ ਰੱਖ ਲੈਂਦਾ ਹੈ। ਪਾਵਰ 'ਚ ਆਉਣਾ, ਪਾਵਰ ਬਚਾ ਕੇ ਰੱਖਣੀ ਫੋਸਟਰ ਦੀ ਉਹ ਨੀਤੀ ਅਤੇ ਅਮਲ ਹੈ ਜੋ ਇਹ ਸਪਸ਼ਟ ਕਰ ਦਿੰਦੀ ਹੈ ਕਿ ਪੂੰਜੀਵਾਦੀ ਵਿਕਸਿਤ ਸਮਾਜ ਅਤੇ ਰਾਜ ਵਿਚ ਬਰਾਬਰੀ, ਬਰਾਬਰ ਮੌਕੇ, ਨਿਆਂ, ਨਾਗਰਿਕਤਾ, ਪਛਾਣ ਅਤੇ ਆਜ਼ਾਦੀ ਕੇਵਲ ਕਹਿਣ ਨੂੰ ਹੈ ਅਤੇ ਇਹ ਇਕ ਉਦਾਰਵਾਦੀ ਚਿਹਰਾ ਹੈ, ਜਿਸ ਨੂੰ ਸਥਾਪਤੀ ਦਾ ਟੈਂਪਰੇਰੀ ਅਤੇ ਲੋਕ ਲੁਭਾਉਣ ਵਾਲਾ ਸਰਕਾਰ ਦਾ ਵੋਟ-ਪ੍ਰਣਾਲੀ ਸੰਸਥਾਗਤ ਰੂਪ ਆਖਿਆ ਜਾ ਸਕਦਾ ਹੈ ਪਰ ਅਸਲ 'ਚ ਇਸ ਦਾ ਦੂਜਾ ਸਥਾਪਤੀ ਰੂਪ ਉਹ 'ਸਦੀਵੀ' ਹੈ ਜੋ ਬਣੇ ਸੰਵਿਧਾਨਾਂ, ਕਾਨੂੰਨਾਂ, ਨਿਆਂ ਅਤੇ ਕਾਰਜ-ਸ਼ੈਲੀਆਂ ਨੂੰ ਲਾਗੂ ਕਰਨ ਵਾਲੀ ਅਫ਼ਸਰਸ਼ਾਹੀ ਹੈ। ਪੂੰਜੀਵਾਦੀ ਲੋਕਤੰਤਰੀ ਪ੍ਰਣਾਲੀ ਦੀ ਜਮਹੂਰੀਅਤ ਵਿਚ ਲੋਕ ਕੇਵਲ ਵੋਟ ਅਧਿਕਾਰੀ ਹਨ, ਰਾਜ ਦੇ ਭਾਗੀਦਾਰ ਨਹੀਂ ਬਲਕਿ ਇਹ ਅਫ਼ਸਰਸ਼ਾਹੀ ਹੈ। ਜੇਕਰ ਸ਼ਮੂਲੀਅਤ ਹੈ ਤਾਂ ਅਜਿਹੇ ਚਾਪਲੂਸ, ਅਯੋਗ ਲੋਕਾਂ ਦੀ ਹੈ, ਜਿਨ੍ਹਾਂ 'ਚ ਫੋਸਟਰ, ਰੀਵਰਜ਼ ਅਤੇ ਸਮਿੱਥ ਵਰਗੇ ਹਨ ਜਾਂ ਜੈਕਲੀਨ ਵਰਗੀਆਂ ਔਰਤਾਂ ਹਨ।

ਨਾਵਲੀ-ਬਿਰਤਾਂਤ 'ਚ ਨਸਲੀ ਵਿਤਕਰੇ ਅਤੇ ਸਥਾਪਤੀ ਦੇ ਇਹ ਚਰਿੱਤਰ ਬੜੇ ਰਲਗਡ ਵੀ ਹਨ ਅਤੇ ਕਾਟਵੇਂ ਵੀ ਹਨ। ਨਾਵਲ ਕਿਉਂਕਿ ਇੰਗਲੈਂਡ 'ਚ ਜੰਮੇ ਭਾਰਤੀ-ਪੰਜਾਬੀ ਨੂੰ ਹੀ ਫੋਕਸ ਕਰ ਰਿਹਾ ਹੈ (ਜਦਕਿ ਭਾਰਤੀ-ਪੰਜਾਬ 'ਚ ਵੀ ਇਹ ਅਮਲ ਹਰ ਰੋਜ਼ ਵਾਪਰਦਾ ਹੈ) ਜਿਸ ਕਰਕੇ ਉਸ ਦੀ ਯੋਗਤਾ ਦੇ ਬਾਵਜੂਦ ਉਸ ਦੇ ਸਫ਼ਲ ਨਾ ਹੋਣ ਨੂੰ ਸਥਾਪਤੀ ਦੇ ਵਿਰੁੱਧ ਚੱਲਣ, ਸਥਾਪਤੀ ਅਨੁਸਾਰ ਅਨੁਸਾਸ਼ਿਤ ਨਾ ਹੋਣ ਅਤੇ ਨਸਲੀ ਵਿਤਕਰੇ ਦੇ ਰੂਪ 'ਚ ਹੀ ਗ੍ਰਹਿਣ ਕਰ ਰਿਹਾ ਹੈ। ਇਸ ਗ੍ਰਹਿਣਕਾਰੀ 'ਚ ਨਸਲੀ-ਵਿਤਕਰੇ ਨੂੰ ਸਥਾਪਤੀ ਦੀ ਵਿਚਾਰਧਾਰਾ ਅਨੁਸਾਰ ਹੀ ਸਿਰਜਦਾ ਹੈ ਪਰ ਕਈ ਥਾਵਾਂ ਤੇ ਇਹ ਸਥਾਪਤੀ ਨਾਲੋਂ ਨਸਲੀ ਕੇਂਦਰਿਤ ਹੀ ਵਧੇਰੇ ਹੈ। ਕਿਉਂਕਿ ਨਾਵਲ ਦੇ ਸ਼ੁਰੂਆਤ 'ਚ ਹੀ ਨਾਵਲੀ-ਪਲਾਟ 'ਪੌਲ' ਦਾ ਆਪਣੇ ਅਧਿਆਪਕਾਂ ਕੋਲੋਂ ਗ੍ਰਹਿਣ ਕੀਤੇ ਅਨੁਭਵਾਂ ਅਤੇ ਉਸ ਦਾ ਬਰਤਾਨਵੀ ਸਟੇਟ ਦੀ ਲਿਬਰਲ ਨੀਤੀਆਂ 'ਚ ਰੰਗ, ਨਸਲ ਸੈਕਸ ਦਾ ਵਿਤਕਰਾ ਨਾ ਕਰਨ ਦੀ ਮਿੱਥ/ਭ੍ਰਮ ਹੈ। ਇਸ ਭਰਮ ਦੀ ਹੀ ਨਵਿਰਤੀ ਅੱਗੇ ਆਉਣਾ ਵਾਲਾ ਕਾਰਜ ਕਰਦਾ ਹੈ। ਬਿਰਤਾਂਤ ਇਕ ਤਰ੍ਹਾਂ 'ਪੌਲ' ਦੀ ਉਦਾਰਵਾਦੀ ਸਟੇਟ ਵੱਲੋਂ ਸਿਰਜੀ ਬਰਾਬਰੀ ਦੀ ਮਿੱਥ ਨੂੰ ਹੀ ਵਿਸਥਾਪਿਤ ਕਰਨ ਵਾਲਾ ਹੈ। ਜੇਕਰ ਅਜਿਹਾ ਦਰਸਾਉਣਾ ਨਾ ਹੁੰਦਾ ਤਾਂ ਫੋਸਟਰ ਅਤੇ ਰੀਵਰਜ਼ ਦੀ ਕੁਰਸੀ ਨੂੰ ਖ਼ਤਰਾ ਖੜ੍ਹਾ ਕਰਨ ਵਾਲਾ ਕੋਈ 'ਯੋਗਤਾ' ਵਾਲਾ ਅੰਗ੍ਰੇਜ਼ ਵੀ ਸਿਰਜਿਆ ਜਾ ਸਕਦਾ ਸੀ। ਪਰ ਅਜਿਹਾ ਨਹੀਂ ਹੈ। ਭਾਵ ਇਕ ਥੀਸਿਜ਼ ਹੀ ਬਿਲਡ ਕਰਨਾ ਹੈ।

ਇੰਜ ਨਾਵਲ ਪੜ੍ਹਨ ਤੋਂ ਬਾਅਦ ਜਿਹੜਾ ਪ੍ਰਭਾਵ ਬਣਦਾ ਹੈ, ਉਹ ਇਹ ਹੈ ਕਿ ਨਸਲੀ ਪੱਧਰ ਤੇ ਅੰਗਰੇਜ਼ ਕੌਮ ਕੋਈ ਯੋਗਤਾ ਵਾਲੀ ਨਹੀਂ ਹੈ, ਪ੍ਰਤਿਦਵੰਦ ਦੇ ਯੁੱਧ 'ਚ ਹਾਰ ਜਾਣ ਵਾਲੀ ਹੈ। ਇਹ ਪ੍ਰਤਿਦਵੰਦ ਚਾਹੇ ਨਿਆਂ ਪ੍ਰਣਾਲੀ 'ਚ ਹੋ ਰਿਹਾ ਹੈ, ਚਾਹੇ ਵੇਟ-ਲਿਫ਼ਟਿੰਗ 'ਚ, ਚਾਹੇ ਇਕ ਔਰਤ 'ਹਰਮੀਤ' ਨੂੰ ਲੈ ਕੇ ਦੋ ਬੰਦਿਆਂ 'ਚ ਹੈ। ਇਹ ਉਹ ਬੰਦੇ ਨੇ ਜੋ ਤਾਕਤ, ਦਿਮਾਗ਼, ਯੋਗਤਾ ਨਾਲੋਂ ਸਿਆਸੀ ਵੱਧ ਹਨ। ਇਸ ਸਿਆਸਤ 'ਚ ਹੀ ਅਤੇ ਸਿਆਸੀ ਵਿਚਾਰਧਾਰਾ ਰਾਹੀਂ ਇਕ ਅਜਿਹਾ ਯਥਾਰਥ ਸਿਰਜਦੇ ਹਨ ਜੋ ਯਥਾਰਥ ਹੁੰਦਾ ਨਹੀਂ ਪਰ ਉਸ ਨੂੰ ਮੰਨਣਯੋਗ, ਸਵੀਕਾਰਨਯੋਗ ਅਤੇ ਸਹਿਮਤੀਯੋਗ ਬਣਾ ਕੇ ਦਵੰਦ ਯੁੱਧ 'ਚ ਜਿੱਤ ਜਾਂਦੇ ਹਨ। ਇਹੀ ਇਸ ਦਾ ਨਸਲੀ ਅਤੇ ਬਸਤੀਵਾਦੀ
ਅਵਚੇਤਨ ਹੈ ਜਿਸ ਤੋਂ ਇਹ ਅਜੇ ਵੀ ਬਾਹਰ ਨਹੀਂ ਆ ਰਹੀ ਹੈ। ਕਹਿਣ ਨੂੰ ਹੀ ਲਿਬਰਲ ਹੈ, ਇਸ ਲਿਬਰਲ ਪਿੱਛੇ ਵੀ ਇਸ ਦਾ ਏਜੰਡਾ ਹੈ, ਜਿੱਥੇ ਬੰਦੇ ਨੂੰ ਬੰਦੇ ਨਾਲੋਂ, ਸਮਾਜ ਨਾਲੋਂ, ਕੀਮਤਾਂ ਨਾਲੋਂ ਤੋੜ ਕੇ ਨਿਰੋਲ ਵਿਅਕਤੀਗਤ, ਨਿਜੀ ਆਜ਼ਾਦੀ ਦੇ ਸੁਪਨਮਈ ਯਥਾਰਥ 'ਚ ਕੈਦ ਕਰਕੇ ਆਪਣਾ ਚੱਕਰ ਚਲਾਉਣ, ਆਪਣੀ ਸਥਾਪਤੀ ਬਰਕਰਾਰ ਰੱਖਣ 'ਚ ਸਫ਼ਲ ਹੋ ਜਾਂਦੀ ਹੈ। ਇਸ ਕਰਕੇ ਇਸ ਦਾ ਨਾ ਕੋਈ ਦੀਨ-ਧਰਮ-ਈਮਾਨ ਹੈ ਨਾ ਕੋਈ ਆਦਰਸ਼ ਹੈ। ਆਦਰਸ਼ ਕੇਵਲ ਆਪਣੀ ਤਾਕਤ ਹੈ ਅਤੇ ਸੱਤਾ ਜਾਇਜ-ਨਜਾਇਜ਼ ਹਰ ਤਰ੍ਹਾਂ ਨਾਲ ਹਥਿਆਉਣੀ ਹੈ। ਕਿਉਂਕਿ ਬੰਦਿਆਂ ਦਾ ਅਵਚੇਤਨ ਹੀ ਅਜਿਹਾ ਘੜ ਦਿੱਤਾ ਹੈ ਜਿਸ 'ਚ ਉਹ ਵਿਕਾਊ ਅਤੇ ਖਰੀਦਣਯੋਗ ਹਨ। ਜਿਸ ਨੇ 'ਸੰਘਰਸ਼ੀ' ਮਨੁੱਖ ਦਾ ਸਫ਼ਾਇਆ ਕਰਕੇ ਇਕ 'ਜੀ ਹਜ਼ੂਰੀਆ' ਮਨੁੱਖ ਸਿਰਜਿਆ ਹੈ। 'ਪੌਲ' ਵਰਗੇ ਸੰਘਰਸ਼ੀ ਬੰਦੇ ਵਿਰਲੇ ਟਾਵੇਂ ਹਨ ਜੋ ਪਾਵਰ ਨਾਲ ਟਕਰਾਉਂਦੇ ਹਨ, ਟੁੱਟਦੇ ਨਹੀਂ, ਹਾਰਦੇ ਨਹੀਂ ਬਲਕਿ ਇਸ ਸੰਘਰਸ਼ ਨੂੰ ਅੱਗੇ ਤੋਰਨਾ ਚਾਹੁੰਦੇ ਹਨ। ਰੋਨ ਅਤੇ ਹਰਮੀਤ ਵਰਗੇ ਹੋਰ ਵੀ ਜੁੜਦੇ ਤਾਂ ਹਨ ਪਰ ਉਹਨਾਂ ਕੋਲ ਅਜੇ ਸਿਆਸੀ ਲੜਾਈ ਲੜਨ ਦਾ ਰਾਹ ਨਹੀਂ ਹੈ। ਫ੍ਰਸਟ੍ਰੇਟ ਨਹੀਂ, ਅਨਿਆਂ ਨੂੰ ਵੀ ਖਿੜੇ ਮੱਥੇ ਸਵੀਕਾਰ ਕਰਨਾ ਹੈ, ਉਸ ਤੋਂ ਭੈਅ, ਹੈਰਾਨੀ, ਨਿਰਾਸ਼ਾ ਨਹੀਂ।

'ਪੌਲ' ਦਾ ਨਾਵਲ ਦੇ ਅੰਤ ਵਿਚ ਕੇਸ ਹਾਰ ਜਾਣ ਤੋਂ ਬਾਅਦ ਵੀ ਆਰਾਮ ਨਾਲ ਬਰੇਕ ਫਾਸਟ ਕਰਨਾ, ਕੰਮ ਤੇ ਜਾਣਾ ਇਸ ਦਿਸ਼ਾ ਦੇ ਪ੍ਰਮਾਣ ਹਨ। ਜਦੋਂ ਕਿ 'ਪੌਲ' ਦੀ ਮਦਦ ਕਰਨ ਵਾਲਾ ਪੱਤਰਕਾਰ 'ਟੌਮ ਸਟੀਵਨਜ਼' ਰੰਗ, ਨਸਲ, ਧਰਮ ਤੋਂ ਉਪਰ ਹੈ ਪਰ ਉਸ ਕੋਲ ਸੰਘਰਸ਼ ਕਰਨ ਦੀ ਉਹ ਤਾਕਤ, ਬੁਲੰਦੀ ਅਤੇ ਚਰਿੱਤਰ ਨਹੀਂ, ਸ਼ਾਇਦ ਅਜਿਹੀ ਘਾਟ ਕਰਕੇ ਹੀ ਮਾਨਸਿਕ ਸੰਤੁਲਨ ਵੀ ਗੁਆ ਲੈਂਦਾ ਹੈ ਅਤੇ ਇਕ ਲੱਪ ਪੈਰਾਸੀਟਾਮੋਲ ਦੀਆਂ ਗੋਲੀਆਂ ਖਾ ਕੇ ਜਹਾਨੋਂ ਕੂਚ ਕਰ ਜਾਂਦਾ ਹੈ। 'ਟੌਮ ਸਟੀਵਨਜ਼' ਦੀ ਮੌਤ, ਕਾਰਜਸ਼ੈਲੀ ਅਤੇ ਪੱਤਰਕਾਰੀ 'ਅੰਗਰੇਜ਼ੀ ਕੌਮ' ਦੇ ਨਸਲੀ ਅਵਚੇਤਨ ਦੇ ਥੀਸਿਜ਼ ਨੂੰ ਨਕਾਰਨ ਵਾਲਾ ਹੈ।

ਇੰਜ ਹੀ ਸ਼ੌਪ ਸਟੂਅਰਡ, ਕਲੋਜ ਕ੍ਰਿਸਟ, ਰੌਨ, ਸ਼ੈਰਨ ਕੈਲੀ ਅਤੇ ਫਰੇਜ਼ਰ ਯੂਨੀਅਨਇਸਟ ਹੋ ਕੇ, ਕਈ ਵਾਰੀ ਡੋਲਦੇ ਹਨ, ਸਥਾਪਤੀ ਦੀ ਭਾਸ਼ਾ ਵੀ ਬੋਲਦੇ ਹਨ ਪਰ ਅੰਤਿਮ ਰੂਪ ਵਿਚ ਰੰਗ, ਨਸਲ ਦੇ ਵਿਤਕਰੇ ਤੋਂ ਉਪਰ ਉਠ ਕੇ ਅੰਤ ਵਿਚ 'ਪੌਲ' ਦਾ ਹੀ ਸਾਥ ਦਿੰਦੇ ਹਨ। ਇਹਨਾਂ ਮੁਕਾਬਲੇ ਇੰਪਲਾਏਮੈਂਟ ਕੋਰਟ ਵਿਚ ਕੌਲਿਨ ਮੌਰਿਸ, ਟੋਡੀ ਚੈੱਡਮੈਨ, ਕੈਨਹੈਰੀਮਨ, ਮਹਿਕਮੇ ਦਾ ਉੱਚ ਅਧਿਕਾਰੀ ਡਾਇਰੈਕਟਰ ਜਿਮ ਆਸਟਿਨ, ਅਟਾਰਨੀ ਜਨਰਲ ਰਿਚਰਡ ਗਿਲਮੋਰ ਵਰਗੇ ਬੰਦੇ ਨਸਲੀ ਵਿਤਕਰਿਆਂ ਨਾਲੋਂ ਰਾਜਸੀ ਦਬਾਅ, ਸਰਕਾਰੀ ਝਾੜ, ਨਿੱਜੀ ਹਿੱਤਾਂ ਅਤੇ ਜਮਾਤੀ ਚਰਿੱਤਰ ਵਸ ਅਨਿਆਂਕਾਰੀ ਦੀ ਪੌੜੀ ਦਾ ਡੰਡਾ ਬਣਦੇ ਹੋਏ ਨਜ਼ਰ ਆਉਂਦੇ ਹਨ।

ਬਿਰਤਾਂਤ ਵਿਚ ਇਹਨਾਂ ਅੰਗਰੇਜ਼ ਕੌਮ ਦੇ ਲੋਕਾਂ ਦੇ ਆ ਜਾਣ ਨਾਲ ਨਸਲੀ ਵਿਤਕਰਾ, ਨਸਲੀ ਨਾਲੋਂ ਜਮਾਤੀ ਅਤੇ ਰਾਜਸੀ ਵਧੇਰੇ ਹੈ। ਦੂਜਾ ਇਹ ਉਹ ਮੋੜ ਹੈ ਜਿਸ ਕਰਕੇ ਕਿਸੇ ਕੌਮ ਦੇ ਲੋਕਾਂ ਨੂੰ ਇਕਹਿਰੇ ਪਰਿਪੇਖ ਨਾਲ ਨਹੀਂ ਵੇਖਿਆ ਜਾ ਸਕਦਾ। ਹਰ ਕੌਮ ਅਤੇ ਭਾਈਚਾਰਾ ਇਕਸਾਰ ਨਹੀਂ ਸਗੋਂ ਉਸ ਵਿਚ ਜਾਤ, ਜਮਾਤ, ਉਮਰ, ਲਿੰਗ, ਕਿੱਤੇ ਆਦਿ ਦੇ ਵਖਰੇਵੇਂ ਹਨ। ਖ਼ੁਦ ਐਂਡਰੀਉ ਸਮਿੱਥ ਦਾ ਬਾਪ ਉੱਚਪਾਏ ਦੇ ਚਰਿੱਤਰ ਦਾ ਧਾਰਨੀ ਹੈ ਜੋ ਪੁੱਤਰ ਦੀ ਆਲਸ ਅਤੇ ਕੰਮ-ਚੋਰ ਨੀਤੀਆਂ ਤੋਂ ਤੰਗ ਹੈ। ਇੰਜ ਨਾਵਲ ਨਸਲੀ ਵਿਤਕਰੇ ਦੇ ਚੇਤੰਨ ਏਜੰਡੇ ਅਤੇ ਥੀਸਿਜ਼ ਨਾਲੋਂ ਸਥਾਪਤੀ ਅਤੇ ਸੱਤਾ ਦੇ ਚਰਿੱਤਰ ਨੂੰ ਹੀ ਉਭਾਰਦਾ ਹੈ। ਨਸਲੀ ਵਿਤਕਰਾ ਸਥਾਪਤੀ ਦੀ ਇਕ ਚਾਲ ਅਤੇ ਟੂਲ ਹੈ, ਆਮ ਲੋਕਾਂ ਦਾ ਇਸ ਨਾਲ ਕੋਈ ਵਾਸਤਾ ਨਹੀਂ ਹੈ। ਦੂਜਾ ਇਹ ਵਿਤਕਰਾ ਵਿਅਕਤੀਗਤ ਲੋੜਾਂ ਅਤੇ ਵਿਅਕਤੀਵਾਦ ਕੇਂਦਰਿਤ ਹੈ। ਇਸ ਵਿਅਕਤੀਵਾਦ ਨੂੰ ਅੱਗੇ ਕੌਮ, ਸਟੇਟ, ਸਥਾਪਤੀ ਨਾਲ ਜੋੜ ਕੇ, ਇਕ ਤਰ੍ਹਾਂ ਪੂੰਜੀਵਾਦੀ ਰਹਿਤਲ ਅਤੇ ਕੀਮਤਾਂ ਨੂੰ ਫੋਕਸ ਕਰਨਾ ਹੈ। ਉਹ ਰਹਿਤਲ ਜੋ ਫਿਊਡਲ ਨਾਲੋਂ ਇਕ ਤਰ੍ਹਾਂ ਚੰਗੀ ਜਾਪਦੀ ਹੈ। ਇਸ ਚੰਗੇਪਣ ਦਾ ਤਰਕ ਇਹ ਦਿੱਤਾ ਹੈ ਕਿ ਜੇਕਰ ''ਫਿਊਡਲ ਰਹਿਤਲ ਚੰਗੀ ਹੁੰਦੀ ਤਾਂ ਪੂੰਜੀਵਾਦ ਅੱਗੇ ਕਿਉਂ ਆਉਂਦੀ?'' ਨਾਵਲ ਵਿਚ ਏਸ਼ੀਅਨਜ਼ ਅਤੇ ਪੰਜਾਬੀ ਭਾਈਚਾਰੇ ਦੀ ਕਮਜ਼ੋਰੀ, ਕਮੀਆਂ ਅਤੇ ਘਾਟਾਂ ਨੂੰ ਇਸ ਫਿਊਡਲ ਰਹਿਤਲ ਨਾਲ ਜੋੜ ਕੇ ਵੀ ਸਿਰਜਿਆ ਗਿਆ ਹੈ।

'ਅਨੀਤਾ' ਜੋ ਪਰਵਾਸੀ ਪੰਜਾਬੀਆਂ ਦੀ ਤੀਜੀ ਪੀੜ੍ਹੀ ਦੀ ਪ੍ਰਤਿਨਿੱਧ ਹੈ, ਉਸ ਦੀ ਸਮੱਸਿਆ, 'ਪੌਲ' ਅਤੇ 'ਹਰਮੀਤ' ਨਾਲੋਂ ਵੀ ਟੇਢੀ ਹੈ। 'ਹਰਮੀਤ' ਅਤੇ 'ਪੌਲ' ਜਿਥੇ ਅਵਚੇਤਨੀ ਪੱਧਰ ਤੇ ਫਿਊਡਲ ਯੁੱਗ ਦੇ ਭਾਈਚਾਰਕ ਸਹਿਯੋਗ ਅਤੇ ਸਮੂਹ ਨਾਲ ਜੁੜਨ ਦੇ ਅਵਸ਼ੇਸ਼ਾਂ ਦੇ ਧਾਰਨੀ ਹਨ, ਜਿਸ ਕਰਕੇ ਉਹ ਪਛਾਣ ਦੇ ਪੱਧਰ ਤੇ ਵਿਅਕਤੀਗਤ ਆਜ਼ਾਦੀ ਨੂੰ ਤਰਜੀਹ ਦੇਣ ਵਾਲੇ ਹੋਣ ਦੇ ਬਾਵਜੂਦ, ਚਾਪਲੂਸ, ਮੌਕਾਪ੍ਰਸਤ, ਜੀ-ਹਜ਼ੂਰੀ ਨਹੀਂ ਕਬੂਲਦੇ ਸਗੋਂ ਆਪਣੇ ਨਾਲੋਂ ਵੱਡੇ ਆਦਰਸ਼ਾਂ ਲਈ ਲੜਦੇ, ਆਪਣੇ ਭਾਈਚਾਰੇ ਨਾਲ 'ਅਸੀਂ-ਆਪਣੇ' ਦੀ ਸਾਂਝ ਸਿਰਜਦੇ ਹਨ। ਆਪਣੇ ਭਾਈਚਾਰੇ ਕਰਕੇ ਸਮੱਸਿਆਵਾਂ ਸਹਾਰਦੇ ਹਨ। ਉਥੇ ਤੀਜੀ ਪੀੜ੍ਹੀ ਜੋ ਅਨੀਤਾ ਦੀ ਹੈ, ਉਸ ਲਈ ਮਸਲਾ ਇਹ ਹੈ ਕਿ ਉਹ ਕਿਸ ਭਾਈਚਾਰੇ ਦੀ ਹੈ। ਇਹ ਸਪਸ਼ਟ ਨਹੀਂ। ਉਸ ਦੀ ਇਸ ਅਸਪਸ਼ਟਤਾ ਨੂੰ ਅੰਗਰੇਜ਼ ਲੋਕ 'ਹਾਫ਼-ਕਾਸਟ' ਅਤੇ ਪੰਜਾਬੀ ਭਾਈਚਾਰਾ 'ਤਰਰੀ' ਆਖ ਕੇ ਤ੍ਰਿਸਕਾਰਦੇ ਹਨ। ਅਨੀਤਾ ਜੋ ਅਤਿ-ਸੰਵੇਦਨਸ਼ੀਲ, ਹੁਸ਼ਿਆਰ, ਸਿਆਣੀ ਅਤੇ ਆਪਣੀਆਂ ਜੜ੍ਹਾਂ ਨੂੰ ਤਲਾਸ਼ ਕਰਨ ਵਾਲੀ ਹੈ, ਉਸ ਦੀਆਂ ਆਪਣੀਆਂ ਜੜ੍ਹਾਂ ਵਾਲਾ ਪੰਜਾਬੀ ਭਾਈਚਾਰਾ, ਉਸ ਨੂੰ ਜਦੋਂ ਸਪੇਸ ਨਹੀਂ ਦਿੰਦਾ ਤਾਂ ਉਹ ਆਪਣੀ ਮਾਂ (ਹਰਮੀਤ) ਕੋਲ ਵੀ ਵਾਪਸ ਨਹੀਂ ਜਾਂਦੀ ਸਗੋਂ ਪਿਉ ਐਂਡਰੀਉ ਦੇ ਫਲੈਟ ਵੱਲ ਵਾਪਸ ਚਲੀ ਜਾਂਦੀ ਹੈ। ਉਸ ਦੀ ਇਹ ਵਾਪਸੀ ਇਕ ਅਜਿਹਾ ਪ੍ਰਸ਼ਨ ਹੈ ਕਿ ਅੰਗ੍ਰੇਜ਼ ਕੌਮ ਦੇ ਵਿਤਕਰਿਆਂ ਨਾਲੋਂ ਪੰਜਾਬੀ ਭਾਈਚਾਰਾ ਕਿਤੇ ਵੱਧ ਨਸਲੀ-ਵਿਤਕਰਿਆਂ ਦਾ ਸ਼ਿਕਾਰ ਨਜ਼ਰ ਆਉਂਦਾ ਹੈ। ਇਹ ਵਿਤਕਰਾ 'ਪੌਲ' ਨਾਲ ਵੀ ਹੈ, ਹਰਮੀਤ ਨਾਲ ਵੀ ਹੈ।

ਇਹਨਾਂ ਉਪਰੋਕਤ ਬਹੁ-ਭਾਂਤੀ, ਬਹੁ-ਕੌਮੀ ਵਿਤਕਰਿਆਂ ਦੀ ਪੇਸ਼ਕਾਰੀ ਅਤੇ ਸਿਰਜਣਾ ਦੇ ਨਾਲ-ਨਾਲ ਨਾਵਲ ਇਹ ਪ੍ਰਸ਼ਨ ਵੀ ਸਿਰਜਦਾ ਹੈ ਕਿ ਬੰਦਾ ਵਿਅਕਤੀਗਤ ਅਤੇ ਭਾਈਚਾਰਕ ਆਜ਼ਾਦੀਆਂ ਦੇ ਬਾਵਜੂਦ ਆਜ਼ਾਦ ਨਹੀਂ ਹੈ। ਖ਼ੁਦ ਆਪਣੇ-ਆਪ ਅਤੇ ਆਪਣੀ ਫ਼ਿਤਰਤ ਤੋਂ ਵੀ ਆਜ਼ਾਦ ਨਹੀਂ ਹੈ। ਮਨੁੱਖ ਆਪਣੇ-ਆਪ ਨਾਲ ਕਈ ਤਰ੍ਹਾਂ ਦੀਆਂ ਸਲੇਵਰੀਆਂ 'ਚ ਘਿਰਿਆ ਹੋਇਆ ਹੈ। ਕਈ ਵਾਰ ਇਹ ਦਿਸ ਨਹੀਂ ਰਹੀਆਂ ਹੁੰਦੀਆਂ। ਹਰਮੀਤ ਮਾਂ-ਪਿਉ ਨੂੰ ਛੱਡ ਕੇ

ਵੀ, ਐਂਡਰੀਉ ਨਾਲ ਰਹਿ ਕੇ ਵੀ, ਇਕ ਸਟੇਜ ਤੇ ਉਸ ਤੋਂ ਅਲਹਿਦਗੀ ਸਿਰਜ ਲੈਂਦੀ ਹੈ। 'ਪੌਲ' ਨਾਲ ਜਾ ਜੁੜਦੀ ਹੈ ਪਰ 'ਪੌਲ' ਨਾਲ ਜੁੜ ਕੇ ਵੀ ਐਂਡਰੀਉ ਨੂੰ ਮਨਫ਼ੀ ਨਹੀਂ ਕਰ ਸਕਦੀ। ਇਸ ਕਰਕੇ 'ਪੌਲ' ਤੋਂ ਵੀ ਦੂਰ ਚਲੀ ਜਾਂਦੀ ਹੈ। ਭਾਵੇਂ ਬਾਅਦ 'ਚ ਫੇਰ ਜੁੜ ਜਾਂਦੇ ਹਨ।

ਇਸ ਜੁੜਨ ਅਤੇ ਟੁੱਟਣ ਦੇ ਕੀ ਰਹੱਸ ਹਨ; ਜ਼ਿੰਦਗੀ 'ਚ ਬੰਦਾ ਕੀ ਚਾਹੁੰਦਾ ਹੈ, ਉਸ ਦਾ ਸੱਚ ਕੀ ਹੈ ਆਦਿ ਬੜੇ ਪ੍ਰਸ਼ਨ ਹਨ। ਜ਼ਿੰਦਗੀ ਜਿਊਣ ਲਈ ਪਾਰਟਨਰਸ਼ਿੱਪ ਅਤੇ ਵਿਆਹ ਕੀ ਹਨ? ਕੀ ਭੂਮਿਕਾ ਹੈ ਇਹਨਾਂ ਦੀ? ਕੀ ਬੰਦਾ ਇਕੱਲਾ ਰਹਿ ਸਕਦਾ ਹੈ? ਇਹਨਾਂ ਸੁਆਲਾਂ ਦੀ ਨਾਵਲ ਵਿਚ ਬੁਛਾੜ ਹੈ, ਬੰਦੇ ਅੰਦਰਲੀਆਂ ਟੇਢਾਂ, ਤਨਾਵਾਂ, ਦੋਹਰੇ-ਤੀਹਰੇ ਰੂਪਾਂ ਨੂੰ ਸਿਰਜਣ ਲਈ ਸਵੈ-ਸੰਵਾਦ ਅਤੇ ਯਾਦਾਂ ਦੀ ਜੁਗਤ ਹੈ। ਬੰਦਿਆਂ ਦੀ ਵਨ-ਵੇਅ ਰੇਸ, ਯੂ-ਟਰਨਾਂ, ਚਾਪਲੂਸੀਆਂ, ਬੁਲੰਦੀਆਂ, ਫ਼੍ਰਸਟਰੇਸ਼ਨਜ਼, ਸਿਰੜ, ਪੂਰਬ ਅਤੇ ਪੱਛਮ ਦੀਆਂ ਮਾਨਸਿਕਤਾਵਾਂ, ਸਾਹਿਤ, ਫਿਲਾਸਫ਼ੀ, ਚਰਿੱਤਰ ਅਤੇ ਸਥਾਪਤੀਆਂ ਵਾਰ-ਵਾਰ ਫੋਕਸ ਹੁੰਦੀਆਂ ਹਨ। ਨਾਵਲ 'ਚ ਪ੍ਰਸ਼ਨ ਦਰ ਪ੍ਰਸ਼ਨ ਅਤੇ ਉਹਨਾਂ ਦੇ ਉੱਤਰਾਂ ਦਾ ਸਿਲਸਿਲਾ ਵੀ ਚਲਦਾ ਹੈ। ਇਹਨਾਂ ਜ਼ਿੰਦਗੀਆਂ ਦੇ ਬਹੁ-ਪੱਖੀ ਪ੍ਰਸ਼ਨਾਂ ਲਈ 'ਸਮੁੰਦਰ' ਦਾ ਮੈਟਾਫ਼ਰ ਜ਼ਿੰਦਗੀ ਨੂੰ ਸਿੱਧ-ਪੱਧਰੀ, ਇਕਹਿਰੀ ਸਮਝਣ ਦੀ ਥਾਂ, ਗਹਿਰਾਈਆਂ ਭਰਪੂਰ ਤੁਰਦੀ ਰਹਿਣ ਵਾਲੀ ਮੰਨਦਾ ਹੈ। ਜਿਵੇਂ ਸਮੁੰਦਰ ਵਿਚ ਅਨੇਕਾਂ ਦਰਿਆ, ਲਹਿਰਾਂ, ਜੁਆਰਭਾਟੇ, ਉਛਾਲ, ਉਤਰਾਅ-ਚੜ੍ਹਾਅ ਹਨ, ਉਵੇਂ ਹੀ ਬੰਦੇ ਦੀ ਜ਼ਿੰਦਗੀ ਵੀ ਬੜੇ ਉਤਰਾਵਾਂ-ਚੜ੍ਹਾਵਾਂ ਅਤੇ ਅਤੇ ਉਛਾਲਿਆਂ ਵਾਲੀ ਹੈ। ਸ਼ਾਇਦ ਅਜਿਹੇ ਉਛਾਲਿਆਂ ਕਰਕੇ ਅਨੀਤਾ ਜੋ ਸੁਚੇਤ ਰੂਪ ਵਿਚ ਜੜ੍ਹਾਂ ਦੀ ਤਲਾਸ਼ ਭਾਰਤੀ-ਪੰਜਾਬ, ਭਾਈਚਾਰੇ, ਲੋਕਾਂ, ਸਾਹਿਤ ਸਭਾਵਾਂ, ਸੈਮੀਨਾਰਾਂ 'ਚ ਕਰਦੀ ਰਹਿੰਦੀ ਹੈ ਪਰ ਅੰਤ ਵਿਚ ਸਾਰਾ ਕੁਝ ਛੱਡ ਕੇ ਪਿਉ-ਕੇਂਦਰਿਤ ਹੋਈ ਸਾਰੇ ਕੁਝ 'ਤੇ ਕਾਟਾ ਮਾਰ ਦਿੰਦੀ ਹੈ।

ਸੋ ਸਮੁੱਚੇ ਰੂਪ ਵਿਚ ਇਹ ਨਾਵਲ ਨਾ ਕੇਵਲ ਧੀਰ ਦੇ ਆਪਣੇ ਪਹਿਲੇ ਨਾਵਲਾਂ ਨਾਲੋਂ ਆਪਣੇ ਆਪ ਵਿਚ ਇਕ ਵੱਖਰਾ ਨਾਵਲ ਹੈ ਬਲਕਿ ਪਰਵਾਸੀ ਪੰਜਾਬੀ ਨਾਵਲਾਂ ਵਿਚ ਇਕ ਨਵੀਂ ਤਰ੍ਹਾਂ ਦੇ ਦੂਜੀ ਅਤੇ ਤੀਜੀ ਪਰਵਾਸੀ ਪੰਜਾਬੀ ਪੀੜ੍ਹੀ ਦੇ ਡਾਇਸਪੋਰਿਕ ਸੰਕਟਾਂ ਦਾ ਇਕ ਨਿਵੇਕਲਾ ਬਿਰਤਾਂਤ ਹੈ ਜੋ ਇਕ ਥੀਸਿਜ਼-ਨਾਵਲ (ਪ੍ਰਾਜੈਕਟ-ਬਿਰਤਾਂਤ) ਦੀਆਂ ਸੀਮਾਵਾਂ ਵਿਚ ਵਿਉਂਤਿਆ ਜਾਣ ਦੇ ਬਾਵਜੂਦ ਅਵਚੇਤਨੀ-ਸਿਰਜਣਾ ਵਿਚ ਨਸਲੀ ਵਿਤਕਰਿਆਂ ਨਾਲੋਂ ਕੌਮਾਂ-ਸਭਿਆਚਾਰਾਂ ਵਿਚਲੀ ਸਥਾਪਤੀ ਦੇ ਬਹੁ-ਰੂਪਾਂ ਅਤੇ ਪਾਵਰ ਹਥਿਆਉਣ ਤੇ ਬਰਕਰਾਰ ਰੱਖਣ ਦੀਆਂ ਰਾਜਨੀਤੀਆਂ ਦੇ ਸਿਆਸੀ ਅਵਚੇਤਨ ਨੂੰ ਫੋਕਸ ਕਰ ਲੈਂਦਾ ਹੈ। ਇਸ ਫੋਕਸਕਾਰੀ ਵਿਚ ਪੂੰਜੀਵਾਦੀ ਰਹਿਤਲ ਦੀ ਨਿਜੀ ਆਜ਼ਾਦੀ ਦੀਆਂ ਵਿਅਕਤੀਵਾਦੀ ਹਿਰਸਾਂ, ਸਵਾਰਥ, ਖੁਸ਼ੀਆਂ ਦੇ ਭਰਮ ਵੀ ਹਨ ਅਤੇ ਇਹਨਾਂ ਭਰਮਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਬੰਦੇ ਨੂੰ ਬੰਦੇ ਅਤੇ ਸਮਾਜ ਨਾਲੋਂ ਤੋੜਨ ਦੀਆਂ ਕੁਟਿਲ ਚਾਲਾਂ ਦੀ ਨਿਸ਼ਾਨਦੇਹੀ ਵੀ ਹੈ। ਜਿਸ ਵਿਚ ਵਿਅਕਤੀਗਤ ਪ੍ਰਤਿਯੋਗ ਅਤੇ ਭਾਈਚਾਰਕ ਸਹਿਯੋਗ ਵੀ ਹਨ। ਅੰਤ ਵਿਚ ਇਕ ਅਣਸੁਲਝਿਆ ਸੁਆਲ ਅਤੇ ਸਮੱਸਿਆਕਾਰ ਖੜ੍ਹਾ ਹੈ ਕਿ ਇਕ ਪਾਸੇ ਨਿਜਵਾਦ, ਵਿਅਕਤੀਵਾਦ, ਸਥਾਪਤੀ ਦੀ ਜੀ-ਹਜ਼ੂਰੀ ਅਤੇ ਚਾਲਾਂ ਹਨ, ਦੂਜੇ ਪਾਸੇ ਇਹਨਾਂ ਤੋਂ ਮੁਕਤ ਆਪਣੇ ਹੱਕਾਂ ਲਈ ਲੜਨ ਵਾਲੇ ਆਦਰਸ਼ਾਂ ਨੂੰ ਪ੍ਰਣਾਏ ਲੋਕ ਵੀ ਹਨ। ਜੋ ਹਾਰ ਕੇ ਵੀ ਹਾਰੇ ਨਹੀਂ। ਦੂਜੇ ਜਿੱਤ ਕੇ ਵੀ ਜਿੱਤੇ ਨਹੀਂ। ਮੁਕੰਮਲ ਜਿੱਤ ਲਈ ਹੋਰ ਨੀਤੀਆਂ ਘੜ ਰਹੇ ਹਨ। ਮਾਲਕ ਅਤੇ ਸਲੇਵ ਦੀ ਯੁੱਧ-ਨੀਤੀ ਅਤੇ ਭੇੜ ਬਰਕਰਾਰ ਹਨ। ਇਹ ਭਵਿੱਖ 'ਚ ਕੀ ਰੂਪ ਲੈਂਦੇ ਹਨ ; ਇਕ ਪ੍ਰਸ਼ਨ ਉਪਜਦਾ ਹੈ।